CTF Fact Sheet_April 2010 Punjabi aw:CTF_Fact Sheet 26/4/10 18:45 Page 1



# Child Trust Fund

# Factsheet

ਚਾਈਲਡ ਟ੍ਰਸਟ ਫ਼ੰਡ (ਸੀ ਟੀ ਐਫ਼) ਲੰਮੇ ਸਮੇਂ ਲਈ ਪੈਸੇ ਬਚਾਉਣ ਅਤੇ ਕਮਾਈ ਕਰਨ ਵਾਲੇ ਕੰਮ ਵਿਚ ਲਾਉਣ ਵਾਲਾ ਅਕਾਉਂਟ ਹੈ, ਜੋ ਖ਼ਾਸ ਤੌਰ 'ਤੇ ਬੱਚਿਆਂ ਲਈ ਤਿਆਰ ਕੀਤਾ ਗਿਆ ਹੈ। ਇਸ ਵਿਚ ਪਾਏ ਪੈਸੇ ਤੁਹਾਡੇ ਬੱਚੇ ਦੇ ਹੁੰਦੇ ਹਨ ਅਤੇ ਤਦ ਤਕ ਨਹੀਂ ਕਢਵਾਏ ਜਾ ਸਕਦੇ ਜਦ ਤਕ ਬੱਚੇ ਦੀ ਉਮਰ 18 ਸਾਲ ਨਾ ਹੋ ਜਾਏ, ਇਸ ਕਰਕੇ ਇਹਨਾਂ ਪੈਸਿਆਂ ਵਿਚ ਵਾਧਾ ਹੋਣ ਲਈ ਸਮਾਂ ਮਿਲਦਾ ਹੈ। 18 ਸਾਲ ਦੀ ਉਮਰ ਵਿਚ, ਬੱਚਾ ਫ਼ੈਸਲਾ ਕਰ ਸਕਦਾ/ਸਕਦੀ ਹੈ ਕਿ ਉਹਨੂੰ ਪੈਸੇ ਬਚਾਉਂਦੇ ਰਹਿਣਾ ਚਾਹੀਦਾ ਹੈ, ਜਾਂ ਇਹਨਾਂ ਪੈਸਿਆਂ ਦੀ ਵਰਤੋਂ ਹੋਰ ਕੰਮਾਂ ਲਈ ਕਰਨੀ ਚਾਹੀਦੀ ਹੈ, ਜਿਵੇਂ ਡ੍ਰਾਈਵਿੰਗ ਲੈਸਨਜ਼ ਲੈਣ ਲਈ, ਕੰਪਿਊਟਰ ਦਾ ਸਾਮਾਨ ਖ਼ਰੀਦਣ ਲਈ ਜਾਂ ਸਿਖਲਾਈ ਦੇ ਕੋਰਸ ਕਰਨ ਲਈ।

1 ਸਤੰਬਰ 2002 ਤੋਂ ਬਾਅਦ ਪੈਦਾ ਹੋਏ ਹਰ ਬੱਚੇ ਨੂੰ ਸੀ ਟੀ ਐਫ਼ ਖੋਲ੍ਹਣ ਦਾ ਹੱਕ ਹੈ, ਜੇ ਉਹਦਾ ਨਿਵਾਸ ਯੂ ਕੇ ਵਿਚ ਹੈ, ਉਹਦੇ ਲਈ ਚਾਈਲਡ ਬੈਨੀਫ਼ਿਟ ਲਿਆ ਜਾਂਦਾ ਹੈ ਅਤੇ ਉਹਦੇ 'ਤੇ ਕੋਈ ਇੰਮੀਗਰੇਸ਼ਨ ਦੀਆਂ ਰੋਕਾਂ ਲਾਗੂ ਨਹੀਂ ਹੁੰਦੀਆਂ।

The Child Trust Fund (CTF) is a long-term savings and investment account created especially for children. The money in it belongs to your child and is locked away until they are 18, so it has a long time to grow. At 18 they can choose to carry on saving or use the money for other things, such as driving lessons, computer equipment or training courses.

Every child born on or after 1st September 2002 is eligible for a CTF account if they live in the UK, Child Benefit is being received for them and they are not subject to immigration restrictions.

## ਮੇਰੇ ਬੱਚੇ ਨੂੰ ਕਿੰਨੇ ਪੈਸੇ ਮਿਲਣਗੇ ?

ਜਦ ਤੁਸੀਂ ਆਪਣੇ ਬੱਚੇ ਦਾ ਚਾਈਲਡ ਬੈਨੀਫ਼ਿਟ ਕਲੇਮ ਕਰੋਗੇ ਅਤੇ ਇਹ ਬੈਨੀਫ਼ਿਟ ਤੁਹਾਨੂੰ ਮਿਲਣ ਲਗ ਜਾਏਗਾ, ਤਾਂ ਤੁਹਾਨੂੰ £250 ਦਾ ਸੀ ਟੀ ਐਫ਼ ਵਾਊਚਰ ਆਪਣੇ ਆਪ ਹੀ ਮਿਲੇਗਾ। ਘੱਟ ਆਮਦਨ (ਸਾਲ 2010-11 ਵਿਚ £16,190 ਜਾਂ ਘੱਟ) ਵਾਲੇ ਘਰਾਂ ਨੂੰ ਵਾਧੂ £250 ਮਿਲਣਗੇ, ਜੋ ਸਿੱਧੇ ਉਹਨਾਂ ਦੇ ਅਕਾਉਂਟ ਵਿਚ ਜਮ੍ਹਾਂ ਕੀਤੇ ਜਾਣਗੇ।

ਜਿਹੜੇ ਬੀਮਾਰ ਜਾਂ ਨਿਰਯੋਗਤਾਵਾਂ ਵਾਲੇ ਬੱਚਿਆਂ ਨੂੰ ਡਿਸਏਬਿਲਿਟੀ ਲਿਵਿੰਗ ਅਲਾਉਂਸ (ਡੀ ਐਲ ਏ) ਲੈਣ ਦਾ ਹੱਕ ਹੈ, ਉਹਨਾਂ ਦੇ ਅਕਾਉਂਟ ਵਿਚ ਸਾਲ ਦੇ £100 ਪਾਏ ਜਾਣਗੇ। ਜਿਹਨਾਂ ਬੱਚਿਆਂ ਨੂੰ ਵੱਧ ਉੱਚੇ ਰੇਟ 'ਤੇ ਡੀ ਐਲ ਏ ਦਾ ਕੇਅਰ ਕੰਪੋਨੈਂਟ ਲੈਣ ਦਾ ਹੱਕ ਹੈ, ਉਹਨਾਂ ਨੂੰ ਸਾਲ ਦੇ £200 ਮਿਲਣਗੇ।

ਜਦ ਤੁਹਾਡੇ ਬੱਚੇ ਦੀ ਉਮਰ ਸੱਤ ਸਾਲ ਹੋ ਜਾਏਗੀ, ਤਾਂ £250 ਹੋਰ ਮਿਲਣਗੇ, ਅਤੇ ਘੱਟ ਆਮਦਨ ਵਾਲੇ ਘਰਾਂ ਦੇ ਬੱਚਿਆਂ ਨੂੰ ਇਕ ਵਾਰ ਫਿਰ £250 ਵਾਧੂ ਮਿਲਣਗੇ।

ਜੇ ਤੁਹਾਨੂੰ ਵਾਊਚਰ ਨਹੀਂ ਮਿਲਿਆ ਜਾਂ ਇਹ ਗੁੰਮ ਹੋ ਗਿਆ ਹੈ। ਤਾਂ ਤੁਸੀਂ ਸੀ ਟੀ ਐਫ਼ ਹੈਲਪਲਾਈਨ ਨੂੰ ਨੰਬਰ 0845 302 1470 'ਤੇ ਫ਼ੋਨ ਕਰੋ।

## How much will my child receive?

You will automatically receive a £250 CTF voucher when you claim and start receiving Child Benefit for your child. Children from lower income households (£16,190 or less in 2010-11) will receive an extra £250, paid directly into their account.

Children with an illness or disability who are entitled to Disability Living Allowance (DLA) will have £100 paid annually into their accounts. Children entitled to the highest rate of the care component of DLA will get £200 annually.

There will be a further automatic payment of £250 when your child turns seven and children in lower income households will again get an extra £250.

If you haven't received a voucher or have lost it, call the CTF Helpline on 0845 302 1470.








## ਵਾਊਚਰ ਨੂੰ ਮੈਂ ਕੀ ਕਰਾਂ ?

ਇਹ ਵਾਊਚਰ ਸਿਰਫ਼ ਸੀ ਟੀ ਐਫ਼ ਅਕਾਉਂਟ ਖੋਲ੍ਹਣ ਲਈ ਵਰਤਿਆ ਜਾ ਸਕਦਾ ਹੈ। ਤਿੰਨ ਕਿਸਮ ਦੇ ਅਕਾਉਂਟ ਹਨ, ਅਤੇ ਤੁਸੀਂ ਇਹ ਸੋਚ ਕੇ ਅਕਾਉਂਟ ਚੁਣੋ ਕਿ ਵੱਧ ਪੈਸੇ ਜਮ੍ਹਾਂ ਕਰਨ ਲਈ ਤੁਸੀਂ ਕਿੰਨਾ ਕੁ ਖ਼ਤਰਾ ਲੈਣ ਲਈ ਤਿਆਰ ਹੋ।

## What should I do with the voucher?

The voucher can only be used to open a CTF account. There are three types of account, which one you choose depends on how you feel about taking a risk in order to give the money a better chance to grow.

**ਸਟੇਕਹੋਲਡਰ ਅਕਾਉਂਟ** ਤੁਹਾਡੇ ਬੱਚੇ ਦੇ ਪੈਸੇ ਕੰਪਨੀਆਂ ਦੇ ਸ਼ੇਅਰਾਂ ਵਿਚ ਲਾਏ ਜਾਂਦੇ ਹਨ, ਅਤੇ ਜੇ ਇਹ ਸ਼ੇਅਰ ਵਧੀਆ ਕੰਮ ਕਰਨ ਤਾਂ ਪੈਸੇ ਵਧਦੇ ਹਨ। ਸ਼ੇਅਰਾਂ ਵਿਚ ਪੈਸੇ ਲਾਉਣ ਕਾਰਣ ਹੋਣ ਵਾਲੇ ਖ਼ਤਰਿਆਂ ਨੂੰ ਘਟਾਉਣ ਦੇ ਕੁਝ ਪ੍ਰਬੰਧ ਹਨ।

**ਸ਼ੇਅਰਜ਼ ਅਕਾਉਂਟ (ਨੌਨ-ਸਟੇਕਹੋਲਡਰ)** ਤੁਹਾਡੇ ਬੱਚੇ ਦੇ ਪੈਸੇ ਕੰਪਨੀਆਂ ਦੇ ਸ਼ੇਅਰਾਂ ਵਿਚ ਲਾਏ ਜਾਂਦੇ ਹਨ, ਅਤੇ ਜੇ ਇਹ ਸ਼ੇਅਰ ਵਧੀਆ ਕੰਮ ਕਰਨ ਤਾਂ ਪੈਸੇ ਵਧਦੇ ਹਨ। ਸ਼ੇਅਰਾਂ ਵਿਚ ਪੈਸੇ ਲਾਉਣ ਕਾਰਣ ਹੋਣ ਵਾਲੇ ਖ਼ਤਰਿਆਂ ਨੂੰ ਘਟਾਉਣ ਦੇ ਲਈ ਸਟੇਕਹੋਲਡਰ ਅਕਾਉਂਟ ਵਰਗੇ ਕੋਈ ਨਿਯਮ ਨਹੀਂ ਹਨ।

**ਸੇਵਿੰਗਜ਼ ਅਕਾਉਂਟ (ਨੌਨ-ਸਟੇਕਹੋਲਡਰ)** ਇਸ ਕਿਸਮ ਦੇ ਅਕਾਉਂਟ ਦੇ ਪੈਸੇ ਸ਼ੇਅਰਾਂ ਵਿਚ ਨਹੀਂ ਲਾਏ ਜਾਂਦੇ। ਪੈਸੇ ਜਮ੍ਹਾਂ ਰਹਿੰਦੇ ਹਨ, ਜਿਹਨਾਂ 'ਤੇ ਵਿਆਜ ਮਿਲਦਾ ਹੈ।

ਜੇ ਤੁਸੀਂ ਵਾਊਚਰ ਦੀ ਤਾਰੀਖ਼ ਖ਼ਤਮ ਹੋਣ ਤਕ ਅਕਾਉਂਟ ਨਹੀਂ ਖੋਲ੍ਹਦੇ, ਤਾਂ ਅਸੀਂ ਕਿਸੇ ਸੀ ਟੀ ਐਫ਼ ਅਕਾਉਂਟ ਚਲਾਉਣ ਵਾਲੇ ਕੋਲ ਤੁਹਾਡੇ ਬੱਚੇ ਦਾ ਸਟੇਕਹੋਲਡਰ ਅਕਾਉਂਟ ਖੁਲ੍ਹਵਾ ਸਕਦੇ ਹਾਂ। ਪਰ ਤੁਹਾਡੇ ਬੱਚੇ ਦੇ ਪੈਸਿਆਂ ਦਾ ਇਕ ਸਾਲ ਤਕ ਵਧਣ ਦਾ ਮੌਕਾ ਜਾਂਦਾ ਰਹੇਗਾ।



ਤੁਹਾਡੇ ਬੱਚੇ ਦੇ ਸੀ ਟੀ ਐਫ਼ ਅਕਾਉਂਟ ਵਿਚ ਪਏ ਪੈਸਿਆਂ ਦਾ ਤੁਹਾਨੂੰ ਮਿਲਣ ਵਾਲੇ ਬੈਨੀਫ਼ਿਟਾਂ ਅਤੇ ਟੈਕਸ ੈਡਿਟਾਂ 'ਤੇ ਕੋਈ ਅਸਰ ਨਹੀਂ ਪਏਗਾ, ਅਤੇ ਸੀ ਟੀ ਐਫ਼ ਅਕਾਉਂਟ ਵਾਲੇ ਪੈਸਿਆਂ 'ਤੇ ਨਾ ਤੁਹਾਨੂੰ ਅਤੇ ਨਾ ਹੀ ਤੁਹਾਡੇ ਬੱਚੇ ਨੂੰ ਕੋਈ ਟੈਕਸ ਦੇਣਾ ਪਏਗਾ। ਯਾਦ ਰੱਖੋ, ਕਿ ਹੋ ਸਕਦਾ ਹੈ ਕਿ ਸੇਵਿੰਗਜ਼ ਅਕਾਉਂਟ ਦੇ ਪੈਸੇ ਇੰਨੇ ਨਾ ਵਧਣ ਜਿੰਨੇ ਸ਼ੇਅਰਾਂ ਵਿਚ ਲਾਏ ਪੈਸੇ ਵਧਦੇ ਹਨ, ਪਰ ਸ਼ੇਅਰਾਂ ਦਾ ਮੁੱਲ ਘਟ ਵੀ ਸਕਦਾ ਹੈ ਅਤੇ ਵਧ ਵੀ ਸਕਦਾ ਹੈ।

**Stakeholder Account** Your child's money is invested in companies' shares, so it grows if those shares do well. There are some measures in place to reduce the risks associated with investing in shares.

**Shares Account (Non-stakeholder)** Your child's money is invested in companies' shares, so it grows if those shares do well. Unlike a stakeholder account, there are no rules in place to reduce the risk of investing in shares.

**Savings Account (Non-stakeholder)** This type of account does not invest in shares. It is the cash option and pays interest.

If you don't open an account by the expiry date on the voucher, we will arrange for a CTF provider to open a stakeholder account for your child. But your child's money will have missed out on the chance of a whole year's growth.

Money in your child's CTF account will not affect any benefits or tax credits you receive, and neither you nor your child will pay tax on money earned in a CTF account. Remember, a savings account may not increase as much as an account with shares in it, but the value of shares may go down as well as up.

## ਚਾਈਲਡ ਟ੍ਰਸਟ ਫ਼ੰਡ ਅਕਾਉਂਟ ਕੌਣ ਖੋਲ੍ਹ ਸਕਦਾ/ਸਕਦੀ ਹੈ ?

ਭਾਵੇਂ ਸੀ ਟੀ ਐਫ਼ ਅਕਾਉਂਟ ਤੁਹਾਡੇ ਬੱਚੇ ਦਾ ਹੁੰਦਾ ਹੈ, ਪਰ ਇਹ ਅਕਾਉਂਟ ਖੋਲ੍ਹਣ ਲਈ ਵਾਊਚਰ ਦੀ ਵਰਤੋਂ ਸਿਰਫ਼ ਮਾਂ ਜਾਂ ਬਾਪ (ਜੇ ਉਹਦੀ ਉਮਰ 16 ਸਾਲ ਜਾਂ ਵੱਧ ਹੋਵੇ) ਜਾਂ ਮਾਪਿਆਂ ਵਾਲੀ ਜ਼ਿੰਮੇਦਾਰੀ (parental responsibility) ਸੰਭਾਲਣ ਵਾਲਾ ਕੋਈ ਵਿਅਕਤੀ ਹੀ ਸੀ ਟੀ ਐਫ਼ ਵਾਊਚਰ ਦੀ ਵਰਤੋਂ ਅਕਾਉਂਟ ਖੋਲ੍ਹਣ ਲਈ ਕਰ ਸਕਦਾ/ਸਕਦੀ ਹੈ। ('ਮਾਪਿਆਂ ਵਾਲੀ ਜ਼ਿੰਮੇਦਾਰੀ' ਕਾਨੂੰਨੀ ਸ਼ਬਦ ਹਨ ਜੋ ਉਸ ਵਿਅਕਤੀ ਲਈ ਵਰਤੇ ਜਾਂਦੇ ਹਨ ਜਿਹਦੇ ਹੱਕ ਅਤੇ ਫ਼ਰਜ਼ ਮਾਪਿਆਂ ਵਾਲੇ ਹਨ)। ਅਕਾਉਂਟ ਖੋਲ੍ਹਣ ਵਾਲਾ/ਵਾਲੀ ਇਸ ਅਕਾਉਂਟ ਦਾ ਪ੍ਰਬੰਧ ਬੱਚੇ ਦੀ ਉਮਰ 16 ਸਾਲ ਦੀ ਹੋਣ ਤਕ ਚਲਾਏਗਾ, ਉਹਤੋਂ ਬਾਅਦ ਇਹਨੂੰ ਬੱਚਾ ਸੰਭਾਲ ਲਏਗਾ/ਲਏਗੀ।

ਜੇ ਤੁਸੀਂ 16 ਸਾਲ ਤੋਂ ਘੱਟ ਉਮਰ ਦੇ ਮਾਂ ਜਾਂ ਬਾਪ ਹੋ, ਤਾਂ ਤੁਸੀਂ ਕਾਨੂੰਨੀ ਤੌਰ 'ਤੇ ਕਿਸੇ ਸੀ ਟੀ ਐਫ਼ ਅਕਾਉਂਟ ਦਾ ਪ੍ਰਬੰਧ ਨਹੀਂ ਚਲਾ ਸਕਦੇ, ਪਰ ਤੁਹਾਨੂੰ ਸੀ ਟੀ ਐਫ਼ ਹੈਲਪਲਾਈਨ ਨੰਬਰ 0845 302 1470 'ਤੋਂ ਮਦਦ ਅਤੇ ਸਲਾਹ ਮਿਲ ਸਕਦੀ ਹੈ।

## Who can open a Child Trust Fund account?

Although the CTF account will belong to your child, only a parent (if 16 or over), or someone else with parental responsibility for the child (a legal term meaning someone with the rights and duties of a parent), can use the CTF voucher to open an account. The person who opens the account will manage it until the child's 16th birthday, when the child will take control.

If you are a parent under 16, you cannot by law manage a CTF account but help and advice are available from the CTF Helpline on 0845 302 1470.

## ਮੈਂ ਅਕਾਉਂਟ ਕਿੱਥੇ ਖੋਲ੍ਹ ਸਕਦਾ/ਸਕਦੀ ਹਾਂ ?

ਬੈਂਕਾਂ, ਬਿਲਡਿੰਗ ਸੁਸਾਇਟੀਆਂ, ਫ਼੍ਰੈਂਡਲੀ ਸੁਸਾਇਟੀਆਂ ਅਤੇ ਸੁਪਰਮਾਰਕੀਟਾਂ ਵਰਗੀਆਂ ਬਹੁਤ ਸਾਰੀਆਂ ਥਾਂਵਾਂ 'ਤੇ ਤੁਹਾਨੂੰ ਚਾਈਲਡ ਟ੍ਰਸਟ ਫ਼ੰਡ ਅਕਾਉਂਟ ਚਲਾਉਣ ਵਾਲੇ ਮਿਲ ਸਕਦੇ ਹਨ। ਇਹ ਸਭ ਸਟੇਕਹੋਲਡਰ ਅਕਾਉਂਟ ਚਲਾਉਂਦੇ ਹਨ, ਅਤੇ ਕੁਝ ਐਥੀਕਲ ਅਤੇ ਸ਼ਰੀਆ ਅਕਾਉਂਟਾਂ ਵਰਗੇ ਹੋਰ ਕਿਸਮ ਦੇ ਅਕਾਉਂਟ ਵੀ ਚਲਾਉਂਦੇ ਹਨ। ਅਕਾਉਂਟ ਚਲਾਉਣ ਵਾਲੇ ਤੋਂ ਯਾਦ ਨਾਲ ਪੁੱਛ ਲਓ ਕਿ ਅਕਾਉਂਟ ਚਲਾਉਣ ਦੀ ਉਹ ਕਿੰਨੀ ਫ਼ੀਸ ਲੈਂਦੇ ਹਨ।

ਤੁਹਾਨੂੰ ਭੇਜੇ ਜਾਣ ਵਾਲੇ ਜਾਣਕਾਰੀ ਪੈਕ ਵਿਚ ਇਹ ਅਕਾਉਂਟ ਚਲਾਉਣ ਵਾਲਿਆਂ ਦੀ ਲਿਸਟ ਦਿੱਤੀ ਹੋਏਗੀ ਅਤੇ ਬਿਲਕੁਲ ਤਾਜ਼ੀ ਜਾਣਕਾਰੀ ਤੁਸੀਂ ਸਦਾ ਇਸ ਵੈੱਬਸਾਈਟ ਤੋਂ ਚੈਕ ਕਰ ਸਕਦੇ ਹੋ - www.childtrustfund.gov.uk ਜਾਂ ਤੁਸੀਂ ਸੀ ਟੀ ਐਫ਼ ਹੈਲਪਲਾਈਨ ਨੂੰ ਇਸ ਨੰਬਰ 'ਤੇ ਫ਼ੋਨ ਕਰ ਸਕਦੇ ਹੋ - 0845 302 1470.

## ਮੈਂ ਅਕਾਉਂਟ ਕਿਵੇਂ ਖੋਲ੍ਹਾਂ ?

ਕੁਝ ਅਕਾਉਂਟਾਂ ਵਾਲੇ ਵਾਊਚਰ ਦੇਖੇ ਬਿਨਾਂ ਹੀ ਤੁਹਾਨੂੰ ਔਨਲਾਈਨ (ਇੰਟਰਨੈੱਟ 'ਤੇ) ਜਾਂ ਟੈਲੀਫ਼ੋਨ 'ਤੇ ਅਕਾਉਂਟ ਖੋਲ੍ਹ ਲੈਣ ਦਿੰਦੇ ਹਨ। ਨਹੀਂ ਤਾਂ, ਤੁਸੀਂ ਅਕਾਉਂਟ ਖੋਲ੍ਹਣ ਲਈ ਜਿਹਨਾਂ ਨੂੰ ਚੁਣਿਆ ਹੈ ਉਹਨਾਂ ਤੋਂ ਅਰਜ਼ੀ ਫ਼ਾਰਮ ਮੰਗ ਕੇ ਲੋੜ ਪੈਣ 'ਤੇ ਵਾਊਚਰ ਉਹਦੇ ਨਾਲ ਲਾ ਕੇ ਭੇਜ ਸਕਦੇ ਹੋ।

## ਬੱਚੇ ਦਾ ਸੀ ਟੀ ਐਫ਼ ਅਕਾਉਂਟ ਖੋਲ੍ਹਣ ਮਗਰੋਂ ਮੈਨੂੰ ਕੀ ਕਰਨਾ ਚਾਹੀਦਾ ਹੈ?

- ਅਕਾਉਂਟ ਵਿਚ ਹੋਰ ਪੈਸੇ ਪਾਉਣਾ ਤੁਹਾਡੇ ਲਈ ਲਾਜ਼ਮੀ ਨਹੀਂ, ਪਰ ਇਸ ਵਿਚ ਪਾਏ ਥੋੜੇ ਪੈਸੇ ਵੀ ਬੱਚੇ ਦੀ ਉਮਰ 18 ਸਾਲ ਹੋ ਜਾਣ ਤਕ ਵਧ ਕੇ ਕਾਫ਼ੀ ਜ਼ਿਆਦਾ ਹੋ ਸਕਦੇ ਹਨ
- ਆਪਣੇ ਪਰਿਵਾਰ ਵਾਲਿਆਂ ਅਤੇ ਦੋਸਤਾਂ ਨੂੰ ਦੱਸੋ ਕਿ ਤੁਸੀਂ ਇਹ ਅਕਾਉਂਟ ਖੋਲ੍ਹਿਆ ਹੈ, ਕਿਉਂਕਿ ਹੋ ਸਕਦਾ ਹੈ ਉਹ ਵੀ ਇਹਦੇ ਵਿਚ ਪੈਸੇ ਪਾਉਣਾ ਚਾਹੁਣ। ਇਹਦੇ ਵਿਚ ਹਰ ਸਾਲ ਕੁੱਲ £1,200 ਜਮ੍ਹਾ ਕਰਵਾਏ ਜਾ ਸਕਦੇ ਹਨ (ਜਿਹਨਾਂ ਵਿਚ ਸਰਕਾਰ ਵਲੋਂ ਪਾਏ ਜਾਣ ਵਾਲੇ ਪੈਸੇ ਸ਼ਾਮਿਲ ਨਹੀਂ ਹਨ)
- ਤੁਸੀਂ ਜਦ ਵੀ ਚਾਹੋ ਇਹ ਅਕਾਉਂਟ ਬਦਲ ਸਕਦੇ ਹੋ ਜਾਂ ਇਹਨੂੰ ਕਿਸੇ ਹੋਰ ਕੋਲ ਲਿਜਾ ਸਕਦੇ ਹੋ

## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਅਕਾਉਂਟ ਦੀ ਚੋਣ ਕਰਨ ਵਿਚ ਮਦਦ ਲੈਣ ਲਈ ਇਹ ਵੈੱਬਸਾਈਟ ਪੜ੍ਹੋ -

- www.childtrustfund.gov.uk
- ਸੀ ਟੀ ਐਫ਼ ਹੈਲਪਲਾਈਨ ਨੂੰ ਨੰਬਰ 0845 302 1470 'ਤੇ ਹਫ਼ਤੇ ਦੇ ਸੱਤੇ ਵਿਚ ਸਵੇਰੇ 8 ਵਜੇ ਤੋਂ ਸ਼ਾਮ ਦੇ 8 ਵਜੇ ਤਕ ਫ਼ੋਨ ਕਰੋ
- ਕਿਸੇ ਹੋਰ ਭਾਸ਼ਾ ਵਿਚ ਕਿਸੇ ਨਾਲ ਗੱਲ ਕਰਨ ਲਈ, ਸੀ ਟੀ ਐਫ਼ ਹੈਲਪਲਾਈਨ ਨੂੰ ਨੰਬਰ 0845 302 1470 'ਤੇ ਫ਼ੋਨ ਕਰੋ, ਅਤੇ ਜਿਹੜਾ ਸਮਾਂ ਤੁਹਾਡੇ ਲਈ ਠੀਕ ਹੋਏਗਾ, ਉਸ ਵੇਲੇ ਉਹ ਤੁਹਾਨੂੰ ਜਵਾਬੀ ਫ਼ੋਨ ਕਰਨਗੇ
- ਜੇ ਤੁਸੀਂ ਕਿਸੇ ਨਾਲ ਵੈਲਸ਼ ਵਿਚ ਗੱਲ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8.30 ਤੋਂ ਸ਼ਾਮ ਦੇ 5 ਵਜੇ ਤਕ ਨੰਬਰ 0845 302 1489 'ਤੇ ਫ਼ੋਨ ਕਰ ਸਕਦੇ ਹੋ।

HM Revenue & Customs

## Where can I open an account?

From banks and building societies to friendly societies and supermarkets - there are lots of places where you can find a Child Trust Fund account provider. All providers offer a stakeholder and some also offer other types of account, including ethical and Shari'a ones. Be sure to ask providers about any fees charged for running the account.

The information pack you will receive contains a list of providers and you can always find the most up-to-date list at www.childtrustfund.gov.uk. Alternatively, call the CTF Helpline on 0845 302 1470.

## How do I open an account?

Some providers allow you to open the account online or over the phone without the need to see the voucher itself. Otherwise you can ask your chosen provider for an application form and return it to them with the voucher if it is required.

## What should I do after I've opened my child's CTF account?

- You don't have to add to the account, but even small amounts could grow into something worthwhile for your child when they reach 18
- Let family and friends know you've opened the account as they may want to put money in as well. The total amount that can be put in each year is £1,200 (excluding Government payments)
- You can change the account or provider at any time if you want to

## Where can I find out more?

For help in choosing an account:



- Visit www.childtrustfund.gov.uk
- Call the CTF Helpline on 0845 302 1470, open 8am to 8pm 7 days a week
- To speak to someone in another language, please phone the CTF Helpline on 0845 302 1470 and you will be called back at a time that suits you
- If you prefer to speak to someone in Welsh, you can call 0845 302 1489 between 8.30am and 5pm, Monday to Friday